# ਐੱਸ. ਪੀ. ਐੱਸ. ਰਾਠੌਰ ਦੀ ਪੈਨਸ਼ਨ ਬੰਦ ਕੀਤੀ ਜਾਵੇ

**☛ ਹਰਿਆਣਾ ਸਰਕਾਰ ਨੇ ਕੇਂਦਰ ਨੂੰ ਕੀਤੀ ਸਿ.ਫਾਰਸ਼ ☛ ਰਾਠੌਰ ਦਾ ਜਵਾਬ ਸਹੀ ਨਹੀਂ**

ਚੰਡੀਗੜ੍ਹ-ਰੁਚਿਕਾ ਨੂੰ ਛੇੜਣ ਵਾਲੇ ਸਾਬਕਾ ਡੀ. ਜੀ. ਪੀ. ਐੱਸ. ਪੀ. ਐੱਸ. ਰਾਠੌਰ ਦੀ ਪੈਨਸ਼ਨ ਹੁਣ ਬੰਦ ਹੋ ਸਕਦੀ ਹੈ। ਅਦਾਲਤ ਦੁਆਰਾ 21 ਦਸੰਬਰ 2009 ਨੂੰ ਰਾਠੌਰ ਨੂੰ ਛੇ ਮਹੀਨੇ ਦੀ ਸਜ਼ਾ ਸੁਣਾਉਣ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰਾਲੇ ਨੇ ਰਾਠੌਰ ਨੂੰ ਪੈਨਸ਼ਨ ਬੰਦ ਕਰਨ ਦਾ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ।

ਇਹ ਸੂਚਨਾ ਹਰਿਆਣਾ ਸਰਕਾਰ ਵੱਲੋਂ ਭੇਜੀ ਗਈ ਸੀ। ਕੇਂਦਰ ਨੇ ਹਰਿਆਣਾ ਸਰਕਾਰ ਨੂੰ ਸੂਚਨਾ ਭੇਜਦਿਆਂ ਕਿਹਾ ਸੀ ਕਿ ਰਾਠੌਰ ਜੋ ਜਵਾਬ ਦੇਵੇ, ਉਸ ਨੂੰ ਰਾਜ ਸਰਕਾਰ ਆਪਣੀ ਟਿੱਪਣੀ ਦੇ ਨਾਲ ਭੇਜੇ। ਹਰਿਆਣਾ ਸਰਕਾਰ ਨੇ ਰਾਠੌਰ ਦਾ ਜਵਾਬ ਟਿੱਪਣੀ ਸਮੇਤ ਕੇਂਦਰ ਸਰਕਾਰ ਨੂੰ ਭੇਜ ਦਿੱਤਾ ਹੈ। ਹਰਿਆਣਾ ਸਰਕਾਰ ਨੇ ਕੇਂਦਰ ਨੂੰ ਲਿਖਿਆ ਹੈ ਕਿ ਪੈਨਸ਼ਨ ਬੰਦ ਕਰਨ ਦੇ ਮਾਮਲੇ ਵਿੱਚ ਕੇਂਦਰ ਸਰਕਾਰ ਪੂਰੀ ਤਰ੍ਹਾਂ ਸਮਰਥ ਹੈ ਤੇ ਇਸ ਵਿੱਚ ਕੋਈ ਕਨੂੰਨੀ ਅੜਚਣ ਨਹੀਂ ਹੈ। ਰਾਠੌਰ ਨੇ ਪੈਨਸ਼ਨ ਬੰਦ ਕਰਨ ਦੀ ਸੂਚਨਾ ਦਾ ਜੋ ਜਵਾਬ ਦਿੱਤਾ, ਉਸ ਵਿੱਚ ਮਾਮਲੇ ਨੂੰ ਅੰਜ਼ਾਮ ਤੱਕ ਪਹੁੰਚਾਉਣ ਵਾਲੀ ਮਧੂ ਪ੍ਰਕਾਸ਼, ਉਨ੍ਹਾਂ ਦੇ ਪਤੀ ਆਨੰਦ ਪ੍ਰਕਾਸ਼ ਅਤੇ ਹੋਰਨਾਂ 'ਤੇ ਰਾਠੌਰ ਨੇ ਦੋਸ਼ ਲਗਾ ਦਿੱਤੇ ਹਨ। ਹਰਿਆਣਾ ਸਰਕਾਰ ਨੇ ਹੁਣ ਕੇਂਦਰ ਨੂੰ ਟਿੱਪਣੀ ਭੇਜੀ ਹੈ ਕਿ ਰਾਠੌਰ ਨੇ ਪੈਨਸ਼ਨ ਬੰਦ ਨਾ ਕਰਨ ਲਈ ਜੋ ਦਲੀਲਾਂ ਦਿੱਤੀਆਂ ਹਨ, ਉਹ ਠੀਕ ਨਹੀਂ ਹਨ। ਰਾਠੌਰ ਨੇ ਰੁਚਿਕਾ ਦੇ ਨਾਲ ਜੋ ਅਪਰਾਧ ਕੀਤਾ, ਉਹ ਗੰਭੀਰ ਹੈ।

## ਆਰਾਧਨਾ ਆਸਟਰੇਲੀਆ ਚਲੀ ਗਈ



ਦਿੱਲੀ-ਰੁਚਿਕਾ ਦੀ ਸਹੇਲੀ, ਜਿਸ ਨੇ 20 ਸਾਲ ਤੱਕ ਆਪਣੀ ਸਹੇਲੀ ਨੂੰ ਨਿਆਂ ਦਿਵਾਉਣ ਲਈ ਕਨੂੰਨੀ ਲੜਾਈ ਲੜੀ। ਉਹ ਸਹੇਲੀ ਨੂੰ ਛੇੜਣ ਵਾਲੇ ਐੱਸ. ਪੀ. ਐੱਸ. ਰਾਠੌਰ ਨੂੰ ਸਜ਼ਾ ਦਿਵਾਉਣ ਤੋਂ ਬਾਅਦ 27 ਫਰਵਰੀ ਨੂੰ ਆਸਟਰੇਲੀਆ ਚਲੀ ਗਈ। ਆਰਾਧਨਾ ਦੇ ਪਿਤਾ ਆਨੰਦ ਪ੍ਰਕਾਸ਼ ਨੇ ਦੱਸਿਆ ਕਿ ਹਾਲਾਂ ਕਿ ਆਰਾਧਨਾ ਦੀ ਗਵਾਹੀ ਤਾਂ 2005 ਵਿੱਚ ਹੋ ਗਈ ਸੀ, ਪਰ ਉਹ ਸਤੰਬਰ ਵਿੱਚ ਆਸਟਰੇਲੀਆ ਤੋਂ ਪੰਚਕੂਲਾ ਆ ਗਈ ਸੀ। ਹੁਣ ਰਾਠੌਰ ਦੇ ਵਿਰੁੱਧ ਤਿੰਨ ਮਾਮਲੇ ਦਰਜ ਹਨ। ਸੀ. ਬੀ. ਆਈ. ਇਨ੍ਹਾਂ ਦੀ ਜਾਂਚ ਕਰ ਰਹੀ ਹੈ। ਜਦੋਂ ਸੀ. ਬੀ. ਆਈ. ਚਲਾਨ ਦਾਇਰ ਕਰ ਦੇਵੇਗੀ ਅਤੇ ਫਿਰ ਅਦਾਲਤ ਦੇ ਲਈ ਗਵਾਹੀ ਦੇ ਲਈ ਬੁਲਾਏਗੀ, ਆਰਾਧਨਾ ਫਿਰ ਆਸਟਰੇਲੀਆ ਤੋਂ ਆ ਜਾਵੇਗੀ। ਉਹ ਆਪਣੇ ਪਤੀ ਅਮਨ ਗੁਪਤਾ ਦੇ ਨਾਲ ਆਸਟਰੇਲੀਆ ਦੀ ਸਥਾਈ ਨਾਗਰਿਕ ਹੋ ਚੁੱਕੀ ਹੈ।

## ਰੁਚਿਕਾ ਕੇਸ - ਰਾਠੌਰ ਵੱਲੋਂ ਨਾਰਕੋ ਟੈੱਸਟ ਦੀ ਪੇਸ਼ਕਸ਼

ਚੰਡੀਗੜ੍ਹ-ਰੁਚਿਕਾ ਛੇੜਖਾਨੀ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਹਰਿਆਣਾ ਦੇ ਸਾਬਕਾ ਪੁਲੀਸ ਮੁਖੀ ਐੱਸ. ਪੀ. ਐਸ. ਰਾਠੌਰ ਨੇ ਕਿਹਾ ਹੈ ਕਿ ਉਹ 'ਸੱਚ' ਸਾਹਮਣੇ ਲਿਆਉਣ ਲਈ ਨਾਰਕੋ ਟੈੱਸਟ ਕਰਾਉਣਾ ਚਾਹੁੰਦੇ ਹਨ। ਸਰਕਾਰ ਨੂੰ ਇਸ ਸੰਬੰਧੀ ਭੇਜੇ ਪੱਤਰ ਵਿੱਚ ਉਨ੍ਹਾਂ ਕਿਹਾ ਕਿ "ਮੇਰੇ ਖ਼ਿਲਾ.ਫ ਜੋ ਕੁਫਰ ਤੋਲਿਆ ਜਾ ਰਿਹਾ ਹੈ, ਉਸ ਦੇ ਮੱਦੇਨਜ਼ਰ ਮੇਰਾ ਨੈਤਿਕ ਫਰਜ਼ ਹੈ ਕਿ ਮੈਂ ਸੱਚ ਤੇ ਝੂਠ ਦੇ ਨਿਤਾਰੇ ਲਈ ਨਾਰਕੋ ਟੈੱਸਟ ਦੀ ਪ੍ਰਕਿਰਿਆ ਵਿੱਚੋਂ ਲੰਘਾਂ। ਰੁਚਿਕਾ ਤੇ ਪ੍ਰਕਾਸ਼ ਪਰਿਵਾਰਾਂ ਵੱਲੋਂ ਮੇਰੇ ਖ਼ਿਲਾ.ਫ ਮੀਡੀਆ ਦੇ ਰਾਹੀਂ ਸਾਰੇ ਮੁਲਕ ਵਿੱਚ ਝੂਠ ਫੈਲਾਇਆ ਜਾ ਰਿਹਾ ਹੈ ਤੇ ਉਹ ਮੇਰੇ ਖ਼ਿਲਾ.ਫ ਤਿੰਨ ਨਵੇਂ ਝੂਠੇ ਕੇਸ ਦਰਜ ਕਰਾਉਣ ਵਿੱਚ ਵੀ ਕਾਮਯਾਬ ਹੋਏ। ਮੈਂ ਕਹਿੰਦਾ ਹਾਂ ਕਿ ਮੇਰੇ ਨਾਲ-ਨਾਲ ਰੁਚਿਕਾ ਦੇ ਪਿਤਾ ਐੱਸ. ਸੀ. ਗਿਰਹੋਤਰਾ, ਭਰਾ ਆਸ਼ੂ ਗਿਰਹੋਤਰਾ, ਪਰਿਵਾਰ ਦੇ ਮਿੱਤਰ ਆਨੰਦ ਪ੍ਰਕਾਸ਼, ਉਨ੍ਹਾਂ ਦੀ ਪਤਨੀ ਮਧੂ ਤੇ ਇੱਕੋ-ਇੱਕ ਗਵਾਹ ਅਰਾਧਨਾ ਦਾ ਵੀ ਨਾਰਕੋ ਟੈੱਸਟ ਕੀਤਾ ਜਾਵੇ।" ਉੱਧਰ ਮਧੂ ਪ੍ਰਕਾਸ਼ ਨੇ ਕਿਹਾ ਹੈ ਕਿ ਉਨ੍ਹਾਂ ਦਾ ਪਰਿਵਾਰ ਕਿਸੇ ਵੀ ਟੈੱਸਟ ਲਈ ਤਿਆਰ ਹੈ, ਕਿਉਂਕਿ ਅਸੀਂ ਕਦੇ ਵੀ ਝੂਠ ਦਾ ਸਹਾਰਾ ਨਹੀਂ ਲਿਆ।

## ਪ੍ਰਵਾਸੀ ਪੰਜਾਬਣ ਤੋਂ ਲੁਟੇਰਿਆਂ ਨੇ ਪਰਸ ਖੋਹਿਆ



**ਜਲੰਧਰ**-ਥਾਣਾ 6 ਤੋਂ ਕੁਝ ਕਦਮਾਂ ਦੀ ਦੂਰੀ 'ਤੇ ਸਥਿਤ ਇਕ ਰੈਸਟੋਰੈਂਟ ਦੇ ਬਾਹਰੋਂ ਦੋ ਨਕਾਬਪੋਸ਼ ਅਣਪਛਾਤੇ ਮੋਟਰ-ਸਾਈਕਲ ਸਵਾਰ ਇਕ ਪ੍ਰਵਾਸੀ ਪੰਜਾਬਣ ਤੋਂ ਪਰਸ ਖੋਹ ਕੇ ਲੈ ਗਏ। ਜਿਸ 'ਚ ਹਜ਼ਾਰਾਂ ਰੁਪਏ ਦੀ ਵਿਦੇਸ਼ੀ ਕਰੰਸੀ, ਪਾਸਪੋਰਟ ਤੇ ਏ.ਟੀ.ਐਮ ਆਦਿ ਦੱਸਿਆ ਜਾ ਰਿਹਾ ਹੈ। ਪੀੜਤ ਔਰਤ ਜਸਵੀਰ ਕੌਰ ਵੱਲੋਂ ਪੁਲਿਸ ਨੂੰ ਦਿੱਤੀ ਸ਼ਿਕਾਇਤ ਅਨੁਸਾਰ ਉਹ ਆਪਣੇ ਕੁਝ ਪਰਿਵਾਰਕ ਮੈਂਬਰਾਂ ਨਾਲ ਮਾਡਲ ਟਾਊਨ ਵਿਖੇ ਸਾਮਾਨ ਆਦਿ ਖਰੀਦਣ ਲਈ ਆਈ ਸੀ ਕਿ ਇਸੇ ਦੌਰਾਨ ਹੀ ਇਕ ਮੋਟਰ-ਸਾਈਕਲ 'ਤੇ ਸਵਾਰ ਦੋ ਨਕਾਬਪੋਸ਼ ਨੌਜਵਾਨ ਜੋ ਕਿ ਪਗੜੀ ਧਾਰੀ ਸਨ, ਜਿਨ੍ਹਾਂ ਨੇ ਉਸ ਦਾ ਪਰਸ ਖੋਹ ਲਿਆ ਤੇ ਫ਼ਰਾਰ ਹੋ ਗਏ।

## ਜਲੰਧਰ ਦੀ ਸੰਗਤ ਵੱਲੋਂ ਭਾਈ ਮੋਰਾਂਵਾਲੀ ਤੇ ਭਾਈ ਰਿਆੜ ਦੇ ਬਾਈਕਾਟ ਦਾ .ਫੈਸਲਾ

ਜਲੰਧਰ-ਇਥੇ ਸਿੰਘ ਸਭਾਵਾਂ ਤੇ ਪੰਥਕ ਦਰਦੀਆਂ ਦੀ ਇਕ ਮੀਟਿੰਗ ਗੁਰਦੁਆਰਾ ਗੁਰੂ ਸਿੰਘ ਸਭਾ ਮਾਡਲ ਟਾਊਨ ਜਲੰਧਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਈ ਜਿਸ ਵਿਚ ਇਕ ਮਤਾ ਪਾਸ ਕਰਕੇ ਪਿਛਲੇ ਦਿਨੀਂ ਇਕ ਟੀ. ਵੀ. ਚੈਨਲ ਵੱਲੋਂ ਜਲੰਧਰ ਵਿਚ ਕਰਵਾਏ ਗਏ ਰੰਗਾਰੰਗ ਪ੍ਰੋਗਰਾਮ ਵਿਚ ਗੁਰੂ ਘਰ ਦੇ ਕੀਰਤਨੀਏ ਤੇ ਪ੍ਰਚਾਰਕਾਂ ਢਾਡੀ ਭਾਈ ਤਰਸੇਮ ਸਿੰਘ ਮੋਰਾਂਵਾਲੀ ਤੇ ਭਾਈ ਜੁਗਿੰਦਰ ਸਿੰਘ ਰਿਆੜ ਦੇ ਸ਼ਾਮਿਲ ਹੋਣ ਦੀ ਨਿਖੇਧੀ ਕੀਤੀ ਗਈ ਤੇ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਜਦੋਂ ਤੱਕ ਉਹ ਦੋਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋ ਕੇ ਕੀਤੀ ਭੁਲ ਲਈ ਜਨਤਕ ਤੌਰ 'ਤੇ ਮੁਆ.ਫੀ ਨਹੀਂ ਮੰਗਦੇ, ਉਨ੍ਹਾਂ ਦੇ ਕੀਰਤਨ



ਸਮਾਗਮਾਂ ਦਾ ਬਾਈਕਾਟ ਕੀਤਾ ਜਾਵੇਗਾ। ਸੋ ਇਹ ਦੋਵੇਂ ਉਦੋਂ ਤੱਕ ਜਲੰਧਰ ਦੇ ਕਿਸੇ ਗੁਰੂ ਘਰ ਵਿਚ ਕੀਰਤਨ ਨਹੀਂ ਕਰ ਸਕਣਗੇ। ਉਨ੍ਹਾਂ ਦੀਆਂ ਕੈਸੇਟਾਂ ਦਾ ਵੀ ਬਾਈਕਾਟ ਰਹੇਗਾ। ਉਨ੍ਹਾਂ ਨੂੰ ਕਿਸੇ ਸਮਾਜਿਕ ਸਮਾਗਮ ਵਿਚ ਵੀ ਨਹੀਂ ਸੱਦਿਆ ਜਾਵੇਗਾ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਜਗਜੀਤ ਸਿੰਘ ਗਾਬਾ, ਡਾ: ਮਨਦੀਪ ਸਿੰਘ ਸੇਠੀ, ਪ੍ਰਮਾਤਮਾ ਸਿੰਘ, ਤਜਿੰਦਰ ਸਿੰਘ ਪ੍ਰਦੇਸੀ, ਸ: ਹਰਪ੍ਰੀਤ ਸਿੰਘ ਖੁਰਾਣਾ, ਸੁਰਿੰਦਰਪਾਲ ਸਿੰਘ ਗੋਲਡੀ, ਮਨਜੀਤ ਸਿੰਘ ਠੁਕਰਾਲ, ਜ: ਇੰਦਰਜੀਤ ਸਿੰਘ, ਸ: ਸਤਪਾਲ ਸਿੰਘ ਸਿਦਕੀ, ਭਾਈ ਖੜਕ ਸਿੰਘ, ਭੁਪਿੰਦਰ ਪਾਲ ਸਿੰਘ ਖਾਲਸਾ, ਸ: ਗੁਰਦਿਆਲ ਸਿੰਘ ਧਵਨ, ਭਾਈ ਸੁਰਿੰਦਰ ਸਿੰਘ ਰਮਤਾ, ਸਤਵਿੰਦਰ ਸਿੰਘ, ਮਿੰਟੂ, ਡਾ: ਜਸਪਾਲ ਸਿੰਘ ਮਿਸ਼ਨਰੀ, ਡਾ: ਹੁਰੀਆ, ਮਨਜੀਤ ਸਿੰਘ ਸੇਵਕ, ਦਿਲਬਾਗ ਸਿੰਘ, ਸੁਰਿੰਦਰ ਸਿੰਘ ਗੁਰੂ ਨਗਰ, ਸ: ਗੁਰਮੀਤ ਸਿੰਘ, ਅਰਵਿੰਦਰ ਸਿੰਘ, ਰਣਜੀਤ ਸਿੰਘ ਗੋਲਡੀ, ਪਰਮਪ੍ਰੀਤ ਸਿੰਘ ਵਿੱਟੀ, ਜੈਦੀਪ ਸਿੰਘ ਬਾਜਵਾ, ਮਨਦੀਪ ਸਿੰਘ ਬਲੂ, ਗੁਰਦੀਪ ਸਿੰਘ ਗਿੱਲ, ਪ੍ਰਭਜੋਤ ਸਿੰਘ ਲੱਕੀ, ਸੁਖਦੇਵ ਸਿੰਘ ਗਾਂਧੀ ਆਦਿ ਸ਼ਾਮਲ ਹੋਏ।

## ਲੇਬਰ ਪਾਰਟੀ ਨੇ ਡਰਬੀ ਵਿਖੇ ਫੰਡ ਰੇਜ਼ਿੰਗ ਸਮਾਗਮ ਦੌਰਾਨ ਟੋਰੀ ਲੀਡਰ ਦਾ ਤਵਾ ਲਾਇਆ



ਇਸ ਮੌਕੇ ਪਾਰਟੀ ਦੀ ਮੀਟਿੰਗ ਵਿਚ ਸ਼ਾਮਿਲ ਹੋਏ ਸਿੱਖ ਸਮਰਥਕ ਕ੍ਰਿਸ ਵਿਲੀਅਮਸਨ ਨਾਲ ਨਜ਼ਰ ਆ ਰਹੇ ਹਨ।

ਡਰਬੀ – ਬੀਤੇ ਸ਼ੁੱਕਰਵਾਰ ਨੂੰ ਡਰਬੀ ਦੇ ਫੁੱਟਬਾਲ ਸਟੇਡੀਅਮ ਵਿਖੇ ਲੇਬਰ ਪਾਰਟੀ ਵੱਲੋਂ ਸਾਲਾਨਾ ਡਿਨਰ ਫੰਡ ਰੇਜ਼ਿੰਗ ਸਮਾਗਮ ਕੀਤਾ ਗਿਆ, ਜਿਸ ਵਿਚ ਲੇਬਰ ਪਾਰਟੀ ਦੇ ਨੈਸ਼ਨਲ ਆਗੂਆਂ ਨੇ ਸ਼ਿਰਕਤ ਕੀਤੀ ਅਤੇ ਲੇਬਰ ਪਾਰਟੀ ਦੇ ਆਗਾਮੀ ਏਜੰਡੇ ਤੋਂ ਦਰਸ਼ਕਾਂ ਨੂੰ ਜਾਣੂ ਕਰਵਾਇਆ ਗਿਆ।

ਇਸ ਸਮਾਗਮ ਵਿਚ ਲੋਕਲ ਲੇਬਰ ਸਮਰਥਕਾਂ ਦੇ ਇਲਾਵਾ ਹੋਰ ਲਾਗਲੇ ਟਾਊਨਾਂ ਤੋਂ ਵੀ ਲੇਬਰ ਦੇ ਆਗੂ, ਕੌਂਸਲਰ, ਐਮ ਪੀ ਅਤੇ ਪਾਰਟੀ ਮੈਂਬਰ ਸ਼ਾਮਿਲ ਹੋਏ। ਇਸ ਮੌਕੇ ਕੇਂਦਰੀ ਆਗੂ ਵੱਲੋਂ ਡਰਬੀ ਅਤੇ ਡਰਬੀ ਸ਼ਾਇਰ ਦੇ ਪਾਰਲੀਮੈਂਟ ਲਈ ਉਮੀਦਵਾਰਾਂ ਬਾਰੇ ਵੀ ਦਰਸ਼ਕਾਂ ਨੂੰ ਜਾਣੂ ਕਰਵਾਇਆ ਗਿਆ। ਇਸ ਸਮਾਗਮ ਵਿਚ ਡਰਬੀ ਦੇ ਕਾਫ਼ੀ ਸਾਰੇ ਸਿੰਘ ਵੀ ਸ਼ਾਮਿਲ ਹੋਏ। ਫੰਡ ਰੇਜ਼ਿੰਗ ਵਾਸਤੇ ਪ੍ਰਧਾਨ ਮੰਤਰੀ, ਕੇਂਦਰੀ ਮੰਤਰੀਆਂ, ਅਤੇ ਉੱਘੇ ਆਗੂਆਂ ਦੇ ਦਸਤਖ਼ਤਾਂ ਵਾਲੀਆਂ ਕਈ ਵਸਤਾਂ ਦੀ ਬੋਲੀ ਲਾਈ ਗਈ। ਇਸ ਦੇ ਇਲਾਵਾ ਅੰਤ ਵਿਚ ਰੈਫ਼ਲ ਟਿਕਟਾਂ ਦੇ ਇਨਾਮ ਵੀ ਕੱਢੇ ਗਏ। ਪਾਰਟੀ ਵੱਲੋਂ ਮਹਿਮਾਨਾਂ ਵਾਸਤੇ ਸ਼ਾਨਦਾਰ ਭੋਜਨ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਕੇਂਦਰੀ ਮੰਤਰੀ ਅਤੇ ਸ੍ਰੀਮਤੀ ਮਾਰਗ੍ਰੇਟ ਬੈਕਿਟ ਨੇ ਸੰਬੋਧਨ ਕਰਦੇ ਹੋਏ ਟੋਰੀ ਪਾਰਟੀ ਦੀਆਂ ਕਈ ਨੀਤੀਆਂ ਦੀ ਨਿੰਦਾ ਕੀਤੀ ਅਤੇ ਟੋਰੀ ਦੇ ਪ੍ਰਧਾਨ ਡੇਵਿਡ ਕੈਮਰਾਨ ਤੇ ਕਾਫ਼ੀ ਤਵਾ ਲਾਇਆ। ਲੇਬਰ ਪਾਰਟੀ ਦੀਆਂ ਲੋਕ ਪੱਖੀ ਅਤੇ ਗੈਰ ਨਸਲੀ ਨੀਤੀਆਂ ਦੀ ਪ੍ਰੋੜਤਾ ਕਰਦੇ ਹੋਏ ਕਿਹਾ ਕਿ ਦੇਸ਼ ਦੇ ਸਰਬਪੱਖੀ ਵਿਕਾਸ ਲਈ ਲੇਬਰ ਪਾਰਟੀ ਹੀ ਦੇਸ਼ ਨੂੰ ਸਹੀ ਲੀਹ ਤੇ ਅੱਗੇ ਲਿਜਾ ਸਕਦੀ ਹੈ।